# ਮਹਾਨ ਆਦੇਸ਼ ਦੀ ਪੁਸਤਕ



## ਜਾਓ ਅਤੇ ਚੇਲੇ ਬਣਾਓ

**ਮੱਤੀ 28:19**

Contents

1. ਮਹਾਨ ਆਦੇਸ਼ ਕੀ ਹੈ?........................................3
2. ਬਾਈਬਲ ਵਿੱਚ ਮਹਾਨ ਆਦੇਸ਼ ਦਾ ਜ਼ਿਕਰ ਕਿੱਥੇ ਕੀਤਾ ਗਿਆ ਹੈ? ........................................3
3. ਮਹਾਨ ਆਦੇਸ਼ ਦਾ ਸਿੱਟਾ/ਨਤੀਜਾ ਕੀ ਹੈ?........................................3
4. ਚੇਲਾ ਕੌਣ ਹੈ? ਅਸੀਂ ਚੇਲੇ ਕਿਵੇਂ ਬਣਾਉਂਦੇ ਹਾਂ? ........................................3
5. ਜਦੋਂ ਮਹਾਨ ਆਦੇਸ਼ ਦਾ ਕੰਮ ਪੂਰਾ ਹੋ ਜਾਵੇਗਾ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ?........................................3
6. ਮਹਾਨ ਆਦੇਸ਼ ਦੇ ਕੰਮ ਨੂੰ ਪੂਰਾ ਕਰਨ ਦੇ ਲਈ ਕੀ ਕਰਨਾ ਪਵੇਗਾ? ........................................4
7. ਮਹਾਨ ਆਦੇਸ਼ ਦੇ ਕੰਮ ਨੂੰ ਪੂਰਾ ਕਰਨ ਲਈ 4 ਖੇਤਾਂ ਦੀ ਉਦਾਹਰਣ ਕੀ ਹੈ? ........................................4
8. ਮਹਾਨ ਆਦੇਸ਼ ਨੂੰ ਪੂਰਾ ਕਰਨ ਲਈ ਦ੍ਰਿਸ਼ਟੀਕੋਣ ਦੇ 9 ਕਦਮ ........................................4
9. ਖਾਲੀ ਖੇਤ ਕੀ ਹਨ?........................................5
10. ਅਸੀਂ ਖਾਲੀ ਖੇਤ ਕਿਵੇਂ ਤਿਆਰ ਕਰਦੇ ਹਾਂ?........................................5
11. ਪ੍ਰਾਰਥਨਾ ਯਾਤਰਾ ਕੀ ਹੈ?........................................5
12. ਮੈਂ ਪ੍ਰਾਰਥਨਾ ਯਾਤਰਾ ਕਿਵੇਂ ਕਰਾਂ? ........................................6
13. ਸਾਨੂੰ ਬੀਜ ਕਿਵੇਂ ਬੀਜਣੇ ਚਾਹੀਦੇ ਹਨ? ਮੈਨੂੰ ਖੁਸ਼ਖਬਰੀ ਕਿਵੇਂ ਸਾਂਝੀ ਕਰਨੀ ਚਾਹੀਦੀ ਹੈ? ........................................6
14. ਖੁਸ਼ਖਬਰੀ ਨੂੰ ਸਾਂਝਾ ਕਰਦੇ ਸਮੇਂ ਪੁੱਛੇ ਜਾਣ ਵਾਲੇ ਕੁਝ ਨਮੂਨਾ ਸਵਾਲ ........................................7
15. ਇੱਕ ਵਿਅਕਤੀ ਕਿਵੇਂ ਬਚਾਇਆ ਜਾ ਸਕਦਾ ਹੈ?........................................7
16. ਖੁਸ਼ਖਬਰੀ ਨੂੰ ਸਾਂਝਾ ਕਰਦੇ ਸਮੇਂ ਵਰਤਣ ਲਈ ਕੁਝ ਨਮੂਨਾ ਬਿਆਨ? ........................................7
17. ਮੈਂ ਕਿਸੇ ਨੂੰ ਮੁਕਤੀ ਅਨੁਭਵ ਵੱਲ ਕਿਵੇਂ ਲੈ ਜਾ ਸਕਦਾ ਹਾਂ?........................................8
18. ਮੁਕਤੀ ਤੋਂ ਤੁਰੰਤ ਬਾਅਦ ਮੈਨੂੰ ਨਵੇਂ ਵਿਸ਼ਵਾਸੀ ਨੂੰ ਕੀ ਸਿਖਾਉਣਾ ਚਾਹੀਦਾ ਹੈ?........................................8
19. ਯਿਸੂ ਦੇ ਸੱਤ ਹੁਕਮ ਕਿਹੜੇ ਹਨ?........................................9
20. ਲੰਬੇ ਸਮੇਂ ਲਈ ਚੇਲਾਪਣ ਕੀ ਹੈ?........................................9
21. ਕਲੀਸਿਯਾਵਾਂ ਦੀ ਸਥਾਪਨਾ........................................11
22. ਆਗੂਆਂ ਨੂੰ ਤਿਆਰ ਕਰਨਾ: ........................................12
23. ਕਲੀਸਿਯਾ ਸਥਾਪਨਾ/ਲਗਾਉਣਾ ਲਹਿਰ (CHURCH PLANTING MOVEMENT) ਕੀ ਹੈ?........................................13
24. ਚੇਲੇ ਬਣਾਉਣ ਦਾ ਅੰਦੋਲਨ/ਲਹਿਰ (DISCIPLE MAKING MOVEMENT) ਕੀ ਹੈ? ........................................13
25. ਚੇਲੇ ਬਣਾਉਣਾ ਕੀ ਹੈ?........................................13
26. ਆਗਿਆਕਾਰੀ-ਅਧਾਰਿਤ ਚੇਲਾਪਣ ਕੀ ਹੈ?........................................14
27. ਜਦੋਂ ਮਹਾਨ ਆਦੇਸ਼ ਦਾ ਕੰਮ ਪੂਰਾ ਹੋ ਜਾਵੇਗਾ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ?........................................14
28. ਮਹਾਨ ਆਦੇਸ਼ ਨੂੰ ਪੂਰਾ ਕਰਨ ਬਾਰੇ ਸਧਾਰਣ ਪਰਿਭਾਸ਼ਾਵਾਂ:........................................14
29. ਕੀ ਮਹਾਨ ਆਦੇਸ਼ ਦਾ ਕੰਮ ਪੂਰਾ ਕੀਤਾ ਜਾ ਸਕਦਾ ਹੈ? ........................................14

# ਮਹਾਨ ਆਦੇਸ਼ ਦੀ ਪੁਸਤਕ

## 1. ਮਹਾਨ ਆਦੇਸ਼ ਕੀ ਹੈ?

a) ਇਹ ਯਿਸੂ ਮਸੀਹ ਦਾ ਆਖ਼ਰੀ ਹੁਕਮ ਹੈ।

## 2. ਬਾਈਬਲ ਵਿੱਚ ਮਹਾਨ ਆਦੇਸ਼ ਦਾ ਜ਼ਿਕਰ ਕਿੱਥੇ ਕੀਤਾ ਗਿਆ ਹੈ?

ਦਿਲ ਨਾਲ ਪੜ੍ਹੋ ਅਤੇ ਸਿੱਖੋ।

a) ਮੱਤੀ 28:18-20

b) ਮਰਕੁਸ 16:15

c) ਮਰਕੁਸ 13:10

d) ਲੂਕਾ 24:47

e) ਯੂਹੰਨਾ 20:21

f) ਰਸੂਲਾਂ ਦੇ ਕਰਤੱਬ 1:8

## 3. ਮਹਾਨ ਆਦੇਸ਼ ਦਾ ਸਿੱਟਾ/ਨਤੀਜਾ ਕੀ ਹੈ?

a) ਮੱਤੀ 24:14

b) ਪਰਕਾਸ਼ ਦੀ ਪੋਥੀ 7:9

c) ਪਰਕਾਸ਼ ਦੀ ਪੋਥੀ 5:9

d) ਦਾਨੀਏਲ 7:14

## 4. ਚੇਲਾ ਕੌਣ ਹੈ? ਅਸੀਂ ਚੇਲੇ ਕਿਵੇਂ ਬਣਾਉਂਦੇ ਹਾਂ?

ਇੱਕ ਚੇਲਾ ਮਸੀਹ ਦਾ ਇੱਕ ਆਗਿਆਕਾਰੀ ਚੇਲਾ ਹੁੰਦਾ ਹੈ ਜੋ ਹੋਰ ਚੇਲੇ ਬਣਾਵੇਗਾ। ਅਸੀਂ ਉਹਨਾਂ ਨੂੰ ਯਿਸੂ ਦੀ ਹਰ [1]ਗੱਲ ਦੀ ਪਾਲਣਾ ਕਰਨਾ ਸਿਖਾ ਕੇ ਉਹਨਾਂ ਨੂੰ ਚੇਲੇ ਬਣਾਉਂਦੇ ਹਾਂ, ਜਿਸ ਵਿੱਚ ਖੁਸ਼ਖਬਰੀ ਸਾਂਝੀ ਕਰਨਾ, ਉਹਨਾਂ ਨੂੰ ਯਿਸੂ ਦੇ ਹੁਕਮਾਂ ਅਤੇ ਬਾਈਬਲ ਦੀਆਂ ਹੋਰ ਸਿੱਖਿਆਵਾਂ ਦੀ ਪਾਲਣਾ ਕਰਨਾ ਸਿਖਾਉਣਾ, ਵਫ਼ਾਦਾਰ ਚੇਲਿਆਂ ਦਾ ਇੱਕ ਸਮੂਹ ਸਥਾਪਤ ਕਰਨਾ ਸ਼ਾਮਲ ਹੈ, ਜੋ ਪਵਿੱਤਰ ਆਤਮਾ ਦੀ ਅਗਵਾਈ ਵਾਲੀ ਕਲੀਸਿਯਾ ਵਜੋਂ ਪ੍ਰਭੂ ਦੀ ਉਪਾਸਨਾ ਕਰਦੇ ਹਨ।

## 5. ਜਦੋਂ ਮਹਾਨ ਆਦੇਸ਼ ਦਾ ਕੰਮ ਪੂਰਾ ਹੋ ਜਾਵੇਗਾ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ?

a) ਕੋਈ ਵਿਅਕਤੀ [2]ਰਹਿ ਨਾ ਜਾਵੇਗਾ (2 ਪਤਰਸ 3:9, 1 ਤਿਮੋਥਿਉਸ 2:4)

b) ਕੋਈ ਸਥਾਨ [3]ਨਾ ਰਹਿ ਜਾਵੇਗਾ (ਰੋਮੀਆਂ 15:19-23)

c) ਕੋਈ ਭਾਸ਼ਾ [4]ਰਹਿ ਨਾ ਜਾਵੇਗੀ (ਦਾਨੀਏਲ 7:14)

---

[1] ਹੁਕਮ

[2] ਨਾ ਛੁੱਟੇਗਾ

[3] ਥਾਂ ਨਾ ਛੁੱਟੇਗਾ

[4] ਨਾ ਛੁੱਟੇਗੀ

d) ਕੋਈ ਲੋਕ ਸਮੂਹ ਨਾ [5]ਰਹਿ ਜਾਵੇਗਾ (ਮੱਤੀ 28:19)

### 6. ਮਹਾਨ ਆਦੇਸ਼ ਦੇ ਕੰਮ ਨੂੰ ਪੂਰਾ ਕਰਨ ਦੇ ਲਈ ਕੀ ਕਰਨਾ ਪਵੇਗਾ?

a) ਗੜ੍ਹਾਂ ਨੂੰ ਢਾਹ ਦੇਣ ਵਾਲੀ ਪ੍ਰਾਰਥਨਾ (ਬਾਲ-ਪੇਰਾਜ਼ਿਮ ਪ੍ਰਾਰਥਨਾ)


b) ਮਿਲਕੇ ਕੰਮ ਕਰਨਾ – ਏਕਤਾ (ਯੂਹੰਨਾ 17:11, ਲੂਕਾ 5:7)

c) ਇੱਕ [6]ਅੰਦੋਲਨ ਜਿਸ ਵਿੱਚ ਬਹੁਤ ਸਾਰੀਆਂ ਲਹਿਰਾਂ ਹੁੰਦੀਆਂ ਹਨ (ਰਸੂਲਾਂ ਦੇ ਕਰਤੱਬ 6:7, ਰਸੂਲਾਂ ਦੇ ਕਰਤੱਬ 9:31)

### 7. ਮਹਾਨ ਆਦੇਸ਼ ਦੇ ਕੰਮ ਨੂੰ ਪੂਰਾ ਕਰਨ ਲਈ 4 ਖੇਤਾਂ ਦੀ ਉਦਾਹਰਣ ਕੀ ਹੈ?

**ਮਰਕੁਸ 4:26-29 ਪੜ੍ਹੋ**

a) ਚਾਰ ਕਿਸਮਾਂ ਦੇ ਖੇਤ ਕੀ ਹਨ?





- ਖਾਲੀ ਖੇਤ - ਖੇਤ ਨੂੰ ਤਿਆਰ ਕਰੋ - ਖੁਸ਼ਖਬਰੀ ਦੀ ਤਿਆਰੀ (ਪ੍ਰਚਾਰ ਤੋਂ ਪਹਿਲਾਂ)
- ਬੀਜ ਬੀਜਿਆ ਹੋਇਆ ਖੇਤ - ਖੁਸ਼ਖਬਰੀ ਨੂੰ ਸਾਂਝਾ ਕਰੋ - ਖੁਸ਼ਖਬਰੀ ਦਾ ਪ੍ਰਚਾਰ - (ਪ੍ਰਚਾਰ)
- ਵੱਧ/ਫ਼ਲ ਰਿਹਾ ਖੇਤ - ਚੇਲਾਪਣ - (ਖੁਸ਼ਖਬਰੀ ਦੀ ਪਰਿਪੱਕਤਾ)
- ਤਿਆਰ ਹੋਇਆ ਖੇਤ - ਕਲੀਸੀਯਾ ਦਾ ਨਿਰਮਾਣ - (ਖੁਸ਼ਖਬਰੀ ਦਾ ਪ੍ਰਭਾਵ)

b) ਇੱਕ ਕਿਸਾਨ ਆਪਣੇ ਖੇਤ ਦੀ ਵਾਢੀ ਤੋਂ ਬਾਅਦ ਕੀ ਕਰੇਗਾ?

i. ਦੁਬਾਰਾ ਬਿਜਾਈ ਲਈ ਸਭ ਤੋਂ ਵਧੀਆ ਬੀਜਾਂ ਦੀ ਚੋਣ ਕਰੋ। (ਆਗੂਆਂ ਦੀ ਸਿਖਲਾਈ)

ii. ਬੀਜਾਂ ਦਾ ਗੁਣਾਤਮਕ ਵਿਕਾਸ - ਖੁਸ਼ਖਬਰੀ ਦਾ ਉਭਾਰ (ਖੁਸ਼ਖਬਰੀ ਲਹਿਰ)

### 8. ਮਹਾਨ ਆਦੇਸ਼ ਨੂੰ ਪੂਰਾ ਕਰਨ ਲਈ ਦ੍ਰਿਸ਼ਟੀਕੋਣ ਦੇ 9 ਕਦਮ




[5] ਨਾ ਛੁੱਟੇਗਾ

[6] ਲਹਿਰਾਂ ਦੀ ਲਹਿਰ

### 9. ਖਾਲੀ ਖੇਤ ਕੀ ਹਨ?

a) ਖਾਲੀ ਲੋਕ (ਦੋਸਤ, ਰਿਸ਼ਤੇਦਾਰ, ਸਹਿਯੋਗੀ, ਗੁਆਂਢੀ)

b) ਖਾਲੀ ਸਥਾਨ (ਪਿੰਡ, ਸਥਾਨ, ਗੁਆਂਢ)

### 10.ਅਸੀਂ ਖਾਲੀ ਖੇਤ ਕਿਵੇਂ ਤਿਆਰ ਕਰਦੇ ਹਾਂ?


a) ਖੁੱਲ੍ਹਣ ਲਈ ਪ੍ਰਾਰਥਨਾ – ਖੁੱਲ੍ਹੇ ਦਿਲ, ਖੁੱਲ੍ਹੇ ਘਰ, ਖੁੱਲ੍ਹੀਆਂ ਅੱਖਾਂ, ਖੁੱਲ੍ਹੇ ਕੰਨ, ਖੁੱਲ੍ਹਾ ਸਵਰਗ

b) ਅਸੀਸ ਪ੍ਰਾਰਥਨਾ (BLESS) – ਸਰੀਰ (BODY) ਦੇ ਲਈ, ਕਿਰਤ (LABOUR) ਦੇ ਲਈ, ਭਾਵਨਾਵਾਂ (EMOTIONS) ਦੇ ਲਈ, ਸਮਾਜਿਕ ਜੀਵਨ (SOCIAL) ਦੇ ਲਈ, ਆਤਮਿਕ (SPIRITUAL) ਜੀਵਨ ਦੇ ਲਈ ਪ੍ਰਾਰਥਨਾ ਕਰੋ।

**ਲੋਕਾਂ ਦੇ ਦਿਲਾਂ ਨੂੰ FRAN ਪ੍ਰਾਰਥਨਾ ਦੇ ਦੁਆਰਾ ਤਿਆਰ ਕਰੋ**

c) FRAN ਪ੍ਰਾਰਥਨਾ ਕੀ ਹੈ?

ਦੋਸਤ, ਰਿਸ਼ਤੇਦਾਰ, ਸਹਿਯੋਗੀ, ਗੁਆਂਢੀ (5 ਜਾਂ ਵਧੇਰੇ ਦੋਸਤਾਂ, ਰਿਸ਼ਤੇਦਾਰਾਂ, ਸਹਿਯੋਗੀਆਂ ਜਾਂ ਗੁਆਂਢੀਆਂ ਦੇ ਨਾਮ ਲਿਖੋ ਜੋ ਵਿਸ਼ਵਾਸੀ ਨਹੀਂ ਹਨ। ਖੁੱਲ੍ਹਣ ਲਈ ਪ੍ਰਾਰਥਨਾ ਅਤੇ ਅਸੀਸ ਪ੍ਰਾਰਥਨਾ ਸ਼ੁਰੂ ਕਰੋ। ਇੱਕਠੇ ਹੋਣ ਤੋਂ ਬਿਨਾਂ ਖਾਲੀ ਥਾਵਾਂ ਨੂੰ ਪ੍ਰਾਰਥਨਾ ਅਤੇ ਪ੍ਰਾਰਥਨਾ ਯਾਤਰਾ ਦੁਆਰਾ ਤਿਆਰ ਕਰੋ।


ਫਰੈਨ ਪ੍ਰਾਰਥਨਾ ਕਾਰਡ

ਪ੍ਰਾਰਥਨਾ ਲਈ ਮੇਰੀ ਵਚਨਬੱਧਤਾ

ਨਾਮ:........................

| # | ਦੋਸਤ | ਰਿਸ਼ਤੇਦਾਰ | ਸਹਿਯੋਗੀ | ਗੁਆਂਢੀ |
|---|---|---|---|---|
| 1 | | | | |
| 2 | | | | |
| 3 | | | | |
| 4 | | | | |
| 5 | | | | |

| # | ਦੋਸਤ | ਰਿਸ਼ਤੇਦਾਰ | ਸਹਿਯੋਗੀ | ਗੁਆਂਢੀ |
|---|---|---|---|---|
| 1 | | | | |
| 2 | | | | |
| 3 | | | | |
| 4 | | | | |
| 5 | | | | |

| ਫ਼ਰੈਨ ਪ੍ਰਾਰਥਨਾ | ਬਲੈੱਸ/ਆਸ਼ੀਸ਼ ਪ੍ਰਾਰਥਨਾ | ਖੁੱਲ੍ਹੀ ਪ੍ਰਾਰਥਨਾ |
|---|---|---|
| ਦੋਸਤ | ਸਰੀਰ | ਦਿਲ |
| ਰਿਸ਼ਤੇਦਾਰ | ਕਿਰਤ | ਅੱਖਾਂ |
| ਸਹਿਯੋਗੀ | ਭਾਵਨਾਵਾਂ | ਕੰਨ |
| ਗੁਆਂਢੀ | ਸਮਾਜਿਕ ਜਰੂਰਤਾਂ | ਬੂਹਾ |
| | ਆਤਮਿਕ ਜਰੂਰਤਾਂ | ਸਵਰਗ |

5 ਵਿਅਕਤੀ
ਮਿੰਟ
ਦਿਨ
ਹਫਤੇ

### 11.ਪ੍ਰਾਰਥਨਾ ਯਾਤਰਾ ਕੀ ਹੈ?

ਪ੍ਰਾਰਥਨਾ ਯਾਤਰਾ ਇੱਕ ਕਿਸਮ ਦੀ ਵਿਚੋਲਗੀ ਦੀ ਪ੍ਰਾਰਥਨਾ ਹੈ ਜਿਸ ਵਿੱਚ ਪ੍ਰਾਰਥਨਾ ਕਰਦੇ ਸਮੇਂ ਨੇੜਲੇ ਖੇਤਰ ਜਾਂ ਕਿਸੇ ਖਾਸ ਸਥਾਨ 'ਤੇ ਪੈਦਲ ਜਾਣਾ ਸ਼ਾਮਲ ਹੁੰਦਾ ਹੈ। ਜਦੋਂ ਤੁਸੀਂ ਪ੍ਰਾਰਥਨਾ ਕਰਦੇ ਹੋ, ਤੁਹਾਡੀਆਂ ਪ੍ਰਾਰਥਨਾਵਾਂ ਤੁਹਾਡੀਆਂ ਚਿੰਤਾਵਾਂ ਤੋਂ ਪਰੇ [7]ਫੈਲਦੀਆਂ ਹਨ, ਸਿੱਧਾ ਸਥਾਨ ਦੀਆਂ ਲੋੜਾਂ 'ਤੇ ਧਿਆਨ ਕੇਂਦਰਤ ਕਰਦੀਆਂ ਹਨ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੀਆਂ ਅੱਖਾਂ/ਦ੍ਰਿਸ਼ਟੀਕੋਣ ਅਤੇ ਦਿਲ ਨਾਲ ਦੇਖਣ ਲਈ ਖੋਲ੍ਹਦੀਆਂ ਹਨ। ਤੁਹਾਡੇ ਦੁਆਰਾ ਪ੍ਰਾਰਥਨਾ ਯਾਤਰਾ ਕਰਨ ਤੋਂ ਬਾਅਦ ਪਰਮੇਸ਼ੁਰ

[7] ਵਧਦੀਆਂ

ਦਰਵਾਜ਼ੇ ਖੋਲ੍ਹ ਦੇਵੇਗਾ। ਪ੍ਰਾਰਥਨਾ ਯਾਤਰਾ ਤੁਹਾਡੇ ਖੇਤਰ ਨੂੰ ਮੌਕਿਆਂ ਅਤੇ ਚੁਣੌਤੀਆਂ ਦੋਵਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਤੁਹਾਡੀ ਮਦਦ ਕਰੇਗਾ।

## 12.ਮੈਂ ਪ੍ਰਾਰਥਨਾ ਯਾਤਰਾ ਕਿਵੇਂ ਕਰਾਂ?

a) ਦੋ ਜਾਂ ਵਧੇਰੇ ਲੋਕਾਂ ਦਾ ਇੱਕ ਸਮੂਹ ਬਣਾਓ
b) ਆਤਮਿਕ ਤੌਰ ਤੇ ਤਿਆਰ ਰਹੋ ਪਵਿੱਤਰ ਆਤਮਾ ਦੀ ਅਵਾਜ਼ ਲਈ ਆਪਣੇ ਦਿਲ ਨੂੰ ਖੋਲੋ
c) ਲੋਕਾਂ ਅਤੇ ਉਸ ਸਥਾਨ ਦੀਆਂ ਜਰੂਰਤਾਂ ਨੂੰ ਧਿਆਨ ਵਿੱਚ ਰੱਖੋ
d) ਖੁੱਲ੍ਹਣ ਲਈ ਪ੍ਰਾਰਥਨਾ ਕਰੋ (open prayer ਦਰਵਾਜ਼ੇ, ਅੱਖਾਂ, ਕੰਨ, ਦਿਲ, ਸਵਰਗ)
e) ਉਸ ਸਥਾਨ ਅਤੇ ਲੋਕਾਂ 'ਤੇ ਸ਼ਾਂਤੀ ਅਤੇ ਅਸੀਸ ਦੀ ਘੋਸ਼ਣਾ ਕਰੋ।
f) ਸ਼ਾਂਤੀ ਦੇ ਮਨੁੱਖਾਂ ਲਈ ਪ੍ਰਾਰਥਨਾ ਕਰੋ ਅਤੇ ਉਹਨਾਂ ਦੀ ਭਾਲ ਕਰੋ

## 13.ਸਾਨੂੰ ਬੀਜ ਕਿਵੇਂ ਬੀਜਣੇ ਚਾਹੀਦੇ ਹਨ? ਮੈਨੂੰ ਖੁਸ਼ਖਬਰੀ ਕਿਵੇਂ ਸਾਂਝੀ ਕਰਨੀ ਚਾਹੀਦੀ ਹੈ?

**a) ਆਪਣੇ FRAN ਦੇ ਲਈ ਪ੍ਰਾਰਥਨਾ ਕਰਨ ਤੋਂ ਬਾਅਦ ਮੈਨੂੰ ਕੀ ਕਰਨਾ ਚਾਹੀਦਾ ਹੈ?**

- ਉਹਨਾਂ ਦੀ ਕਹਾਣੀ, ਉਹਨਾਂ ਦੀਆਂ ਸਮੱਸਿਆਵਾਂ, ਉਹਨਾਂ ਦੇ ਜੀਵਨ ਦੀਆਂ ਸਥਿਤੀਆਂ ਅਤੇ ਉਹਨਾਂ ਦੀਆਂ ਚੁਣੌਤੀਆਂ ਨੂੰ ਸੁਣੋ
- ਆਪਣੀ ਕਹਾਣੀ ਸਾਂਝੀ ਕਰੋ ਕਿ ਕਿਵੇਂ ਯਿਸੂ ਨੇ ਮੁਸ਼ਕਲਾਂ ਅਤੇ ਚੁਣੌਤੀਆਂ ਦੇ ਵਿੱਚ ਤੁਹਾਡੀ ਮਦਦ ਕੀਤੀ ਹੈ।
- ਪਰਮੇਸ਼ੁਰ ਦੀ ਕਹਾਣੀ ਜਾਂ ਯਿਸੂ ਦੀ ਕਹਾਣੀ ਨੂੰ ਸਥਿਤੀ ਦੇ ਅਨੁਕੂਲ ਸਾਂਝਾ ਕਰੋ।

**b) ਬੀਜ ਕੀ ਹੈ?**

ਬੀਜ ਯਿਸੂ ਮਸੀਹ ਦੀ ਖੁਸ਼ਖਬਰੀ ਹੈ।

**c) ਖੁਸ਼ਖਬਰੀ ਕੀ ਹੈ?**

"2000 ਸਾਲ ਪਹਿਲਾਂ, ਧਰਮ ਗ੍ਰੰਥਾਂ ਦੇ ਅਨੁਸਾਰ, ਪਰਮੇਸ਼ੁਰ ਨੇ ਯਿਸੂ ਨੂੰ ਇਸ ਸੰਸਾਰ ਵਿੱਚ ਭੇਜਿਆ ਸੀ। ਉਸਨੇ ਇੱਕ ਪਾਪ ਰਹਿਤ ਜੀਵਨ ਬਤੀਤ ਕੀਤਾ, ਉਸਨੇ ਲੰਗੜਿਆਂ ਨੂੰ ਚੰਗਾ ਕੀਤਾ, ਉਸਨੇ ਅੰਨ੍ਹਿਆਂ ਨੂੰ ਚੰਗਾ ਕੀਤਾ, ਉਸਨੇ ਬੋਲਿਆਂ ਅਤੇ ਕੋੜ੍ਹੀਆਂ ਨੂੰ ਚੰਗਾ ਕੀਤਾ, ਉਸਨੇ ਮੁਰਦਿਆਂ ਨੂੰ ਜੀਉਂਦਾ ਕੀਤਾ। ਉਸਨੂੰ ਸਲੀਬ 'ਤੇ ਚੜ੍ਹਾਇਆ ਗਿਆ, ਦਫ਼ਨਾਇਆ ਗਿਆ, ਅਤੇ ਉਹ ਤੀਜੇ ਦਿਨ ਫੇਰ ਜੀ ਉੱਠਿਆ। ਉਹ ਸਵਰਗ ਵਿੱਚ ਗਿਆ ਅਤੇ ਵਾਪਸ ਆਵੇਗਾ ਜਿਵੇਂ ਉਸਨੇ ਵਾਅਦਾ ਕੀਤਾ ਸੀ। ਉਸਦੇ ਨਾਮ ਵਿੱਚ, ਪਾਪ ਦੀ ਮਾਫ਼ੀ ਅਤੇ ਮੁਕਤੀ ਹੈ।"

**d) ਕੌਣ ਸਾਰੀ ਖੁਸ਼ਖਬਰੀ ਨੂੰ ਸਾਂਝਾ ਕਰ ਸਕਦਾ ਹੈ?**

ਸਾਰੇ ਨਵੇਂ ਜਨਮੇ ਵਿਸ਼ਵਾਸੀ ਯੋਗ ਹਨ ਅਤੇ ਖੁਸ਼ਖਬਰੀ ਦੇ ਬੀਜਣ ਵਾਲੇ ਹੋਣੇ ਚਾਹੀਦੇ ਹਨ (ਮਰਕੁਸ 1:17)

**e) ਇੱਕ ਨਵੇਂ ਵਿਸ਼ਵਾਸੀ ਨੂੰ ਖੁਸ਼ਖਬਰੀ ਨੂੰ ਸਾਂਝਾ ਕਰਨਾ ਜਾਂ ਆਪਣੇ ਵਿਸ਼ਵਾਸ ਨੂੰ ਸਾਂਝਾ ਕਰਨਾ ਕਦੋਂ ਸ਼ੁਰੂ ਕਰਨਾ ਚਾਹੀਦਾ ਹੈ?**

ਕਹਾਣੀਆਂ ਵਿੱਚ ਹੇਠਾਂ ਦਿੱਤੇ ਲੋਕਾਂ ਦੀ ਤਰ੍ਹਾਂ ਤੁਰੰਤ ਸ਼ੁਰੂ ਕਰੋ

- ਸਾਮਰੀ ਔਰਤ ਦੀ ਕਹਾਣੀ (ਯੂਹੰਨਾ 4:5-30)

- ਦੁਸ਼ਟ ਆਤਮਾ ਨਾਲ ਜਕੜੇ ਮਨੁੱਖ ਦੀ ਕਹਾਣੀ (ਮਰਕੁਸ 5:1-20)
- ਬੋਲੇ ਅਤੇ ਗੂੰਗੇ ਦੀ ਕਹਾਣੀ (ਮਰਕੁਸ 7:31-37)

**f) ਮੈਂ ਕਿਸ ਨੂੰ ਖੁਸ਼ਖਬਰੀ ਸਾਂਝੀ ਕਰ ਸਕਦਾ ਹਾਂ?**

ਖੁਸ਼ਖਬਰੀ ਨੂੰ ਆਪਣੇ ਦੋਸਤਾਂ, ਰਿਸ਼ਤੇਦਾਰਾਂ, ਸਹਿਯੋਗੀਆਂ, ਗੁਆਂਢੀਆਂ ਅਤੇ ਕਿਸੇ ਹੋਰ ਨਾਲ ਸਾਂਝਾ ਕਰੋ ਕਿਉਂਕਿ ਪਵਿੱਤਰ ਆਤਮਾ ਪ੍ਰਾਰਥਨਾ ਨਾਲ ਦਿਲਾਂ ਨੂੰ ਤਿਆਰ ਕਰਨ ਤੋਂ ਬਾਅਦ ਅਗਵਾਈ ਕਰਦਾ ਹੈ।

**g) ਮੈਨੂੰ ਆਪਣੀ ਨਿੱਜੀ ਗਵਾਹੀ ਜਾਂ ਕਹਾਣੀ ਕਿਵੇਂ ਤਿਆਰ ਕਰਨੀ ਚਾਹੀਦੀ ਹੈ?**

ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਲਿਖੋ ਜਾਂ ਰਿਕਾਰਡ ਕਰੋ:

i. ਯਿਸੂ ਮਸੀਹ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਤੁਹਾਡੀ ਜ਼ਿੰਦਗੀ ਕੀ ਸੀ? (ਪਾਪ, ਬੀਮਾਰੀ, ਗਰੀਬੀ, ਭੂਤਾਂ ਦਾ ਕਬਜ਼ਾ, ਨਸ਼ੇ ਆਦਿ ਅਤੇ ਤੁਹਾਡੇ ਜੀਵਨ 'ਤੇ ਇਸਦਾ ਪ੍ਰਭਾਵ)

ii. ਤੁਸੀਂ ਆਪਣੇ ਜੀਵਨ ਵਿੱਚ ਯਿਸੂ ਨੂੰ ਕਿਵੇਂ ਪ੍ਰਾਪਤ ਕੀਤਾ?
   - ਤੁਹਾਨੂੰ ਯਿਸੂ ਬਾਰੇ ਕਿਸਨੇ ਦੱਸਿਆ?
   - ਤੁਸੀਂ ਫੈਸਲਾ ਕਦੋਂ ਲਿਆ?
   - ਹਾਲਾਤਾਂ ਦਾ ਵਰਣਨ ਕਰੋ।

iii. ਤੁਹਾਡੇ ਜੀਵਨ ਵਿੱਚ ਯਿਸੂ ਨੂੰ ਪ੍ਰਾਪਤ ਕਰਨ ਤੋਂ ਬਾਅਦ ਕੀ ਹੋਇਆ?
   - ਚੰਗਿਆਈ, ਮੁਕਤੀ, ਪਾਪ ਮਾਫ਼, ਆਦਤਾਂ ਵਿੱਚ ਤਬਦੀਲੀ, ਸ਼ਾਂਤੀ ਆਦਿ
   - ਮਸੀਹ ਦਾ ਆਗਿਆਕਾਰੀ ਚੇਲਾ ਬਣਨਾ।

**h) ਆਪਣੀ ਕਹਾਣੀ ਨੂੰ ਆਪਣੇ FRAN ਨਾਲ ਸਾਂਝਾ ਕਰਨਾ ਸ਼ੁਰੂ ਕਰੋ; ਲੋੜ ਅਨੁਸਾਰ ਸੋਧ ਕਰੋ।**

## 14. ਖੁਸ਼ਖਬਰੀ ਨੂੰ ਸਾਂਝਾ ਕਰਦੇ ਸਮੇਂ ਪੁੱਛੇ ਜਾਣ ਵਾਲੇ ਕੁਝ ਨਮੂਨਾ ਸਵਾਲ

a) ਕੀ ਤੁਹਾਨੂੰ ਯਕੀਨ ਹੈ ਕਿ ਤੁਹਾਡਾ ਦੁਬਾਰਾ ਜਨਮ ਹੋਇਆ ਹੈ?
b) ਜੇ ਤੁਸੀਂ ਅੱਜ ਮਰ ਜਾਂਦੇ ਹੋ ਤਾਂ ਤੁਹਾਡਾ ਕੀ ਹੋਵੇਗਾ?
c) ਤੁਸੀਂ ਆਪਣੀ ਸਦੀਵਤਾ ਕਿੱਥੇ ਬਿਤਾਓਗੇ? ਸਵਰਗ ਵਿੱਚ ਜਾਂ ਨਰਕ ਵਿੱਚ?

## 15. ਇੱਕ ਵਿਅਕਤੀ ਕਿਵੇਂ ਬਚਾਇਆ ਜਾ ਸਕਦਾ ਹੈ?

a) ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੁ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। (ਰੋਮੀਆਂ 10:9)
b) ਪਰ ਜਿੰਨਿਆਂ ਨੇ ਉਸ (ਯਿਸੂ) ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ। (ਯੂਹੰਨਾ 1:12)

## 16. ਖੁਸ਼ਖਬਰੀ ਨੂੰ ਸਾਂਝਾ ਕਰਦੇ ਸਮੇਂ ਵਰਤਣ ਲਈ ਕੁਝ ਨਮੂਨਾ ਬਿਆਨ?

a) ਯਿਸੂ ਤੁਹਾਨੂੰ ਪਿਆਰ ਕਰਦਾ ਹੈ।
b) ਯਿਸੂ ਤੁਹਾਡੀ ਪਰਵਾਹ ਕਰਦਾ ਹੈ।
c) ਯਿਸੂ 'ਤੇ ਭਰੋਸਾ ਕਰੋ।
d) ਯਿਸੂ ਤੁਹਾਨੂੰ ਬਚਾ ਸਕਦਾ ਹੈ।
e) ਯਿਸੂ ਤੁਹਾਨੂੰ ਚੰਗਾ ਕਰ ਸਕਦਾ ਹੈ।

f) ਯਿਸੂ ਦੁਬਾਰਾ ਵਾਪਸ ਆਵੇਗਾ।
g) ਯਿਸੂ ਦੇ ਆਉਣ ਲਈ ਤਿਆਰ ਰਹੋ।
h) ਯਿਸੂ ਤੁਹਾਨੂੰ ਸ਼ਾਂਤੀ ਦੇ ਸਕਦਾ ਹੈ।
i) ਯਿਸੂ ਤੁਹਾਡੇ ਪਾਪ ਮਾਫ਼ ਕਰ ਸਕਦਾ ਹੈ।
j) ਯਿਸੂ ਤੁਹਾਡੀ ਜ਼ਿੰਦਗੀ ਨੂੰ ਬਦਲ ਸਕਦਾ ਹੈ।

## 17. ਮੈਂ ਕਿਸੇ ਨੂੰ ਮੁਕਤੀ ਅਨੁਭਵ ਵੱਲ ਕਿਵੇਂ ਲੈ ਜਾ ਸਕਦਾ ਹਾਂ?

a) ਖੁਸ਼ਖਬਰੀ ਨੂੰ ਸਰਲ ਭਾਸ਼ਾ ਜਾਂ ਸ਼ਬਦਾਂ ਵਿੱਚ ਸਪਸ਼ਟ ਰੂਪ ਵਿੱਚ ਸਾਂਝਾ ਕਰੋ।
b) ਖੁਸ਼ਖਬਰੀ ਦੀ ਪੇਸ਼ਕਾਰੀ ਤੋਂ ਬਾਅਦ ਯਿਸੂ ਨੂੰ ਪ੍ਰਾਪਤ ਕਰਨ ਦਾ ਸੱਦਾ ਦਿਓ
c) ਖੁਸ਼ਖਬਰੀ ਦੇ ਸੱਦੇ ਲਈ ਨਮੂਨਾ ਸਵਾਲ।
   - ਕੀ ਤੁਸੀਂ ਯਿਸੂ ਨੂੰ ਆਪਣੇ ਪ੍ਰਭੂ ਅਤੇ ਮੁਕਤੀਦਾਤਾ ਵਜੋਂ ਪ੍ਰਾਪਤ ਕਰਨਾ ਚਾਹੁੰਦੇ ਹੋ?
   - ਜੇ ਨਹੀਂ, ਤਾਂ ਅਸੀਸ (BLESS) ਪ੍ਰਾਰਥਨਾ ਕਰੋ।
   - ਜੇ ਹਾਂ, ਤਾਂ ਉਹਨਾਂ ਦੀ ਕਬੂਲਨਾਮੇ ਦੀ ਪ੍ਰਾਰਥਨਾ ਲਈ ਅਗਵਾਈ ਕਰੋ।

d) ਕਬੂਲਨਾਮੇ ਦੀ ਨਮੂਨਾ ਪ੍ਰਾਰਥਨਾ

ਹੇ ਪ੍ਰਭੂ ਯਿਸੂ, ਮੈਂ ਮੰਨਦਾ ਹਾਂ ਕਿ ਮੈਂ ਇੱਕ ਪਾਪੀ ਹਾਂ ਅਤੇ ਮੈਂ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੇ ਬੁਰੇ ਕੰਮ ਕੀਤੇ ਹਨ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਇਸ ਸੰਸਾਰ ਵਿੱਚ ਆਏ, ਮੇਰੇ ਲਈ ਸਲੀਬ 'ਤੇ ਮਾਰੇ ਗਏ, ਤੁਹਾਨੂੰ ਦਫ਼ਨਾਇਆ ਗਿਆ ਅਤੇ ਤੀਜੇ ਦਿਨ ਫੇਰ ਜੀ ਉੱਠੇ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਵਾਪਸ ਆਵੋਗੇ ਜਿਵੇਂ ਤੁਸੀਂ ਵਾਅਦਾ ਕੀਤਾ ਹੈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਹਾਡੇ ਨਾਮ ਵਿੱਚ ਮੁਕਤੀ ਅਤੇ ਪਾਪਾਂ ਦੀ ਮਾਫ਼ੀ ਹੈ। ਪ੍ਰਭੂ ਯਿਸੂ, ਮੇਰੇ ਜੀਵਨ ਵਿੱਚ ਆਓ, ਮੇਰੇ ਸਾਰੇ ਪਾਪਾਂ ਨੂੰ ਮਾਫ਼ ਕਰੋ ਅਤੇ ਮੈਨੂੰ ਆਪਣੇ ਲਹੂ ਨਾਲ ਧੋਵੋ। ਅੱਜ ਤੋਂ ਬਾਅਦ, ਮੈਂ ਤੁਹਾਡੇ ਲਈ ਜੀਵਾਂਗਾ। ਮੈਂ ਤੁਹਾਨੂੰ ਆਪਣੀ ਜ਼ਿੰਦਗੀ ਦੇ ਪ੍ਰਭੂ ਅਤੇ ਮੁਕਤੀਦਾਤਾ ਵਜੋਂ ਸਵੀਕਾਰ ਕਰਦਾ ਹਾਂ, ਯਿਸੂ ਦੇ ਨਾਮ ਵਿੱਚ, ਆਮੀਨ।

## 18. ਮੁਕਤੀ ਤੋਂ ਤੁਰੰਤ ਬਾਅਦ ਮੈਨੂੰ ਨਵੇਂ ਵਿਸ਼ਵਾਸੀ ਨੂੰ ਕੀ ਸਿਖਾਉਣਾ ਚਾਹੀਦਾ ਹੈ?

(ਤੁਰੰਤ ਚੇਲਾਪਣ)

a) ਮੁਕਤੀ ਦਾ ਭਰੋਸਾ ਦਿਉ
   - ਤੁਸੀਂ ਪਰਮੇਸ਼ੁਰ ਦੇ ਬੱਚੇ ਹੋ। (ਯੂਹੰਨਾ 1:12)
   - ਤੁਹਾਡੇ ਪਾਪ ਮਾਫ਼ ਕਰ ਦਿੱਤੇ ਗਏ ਹਨ। (1 ਯੂਹੰਨਾ 1:9)
   - ਤੁਹਾਡਾ ਨਾਮ ਜੀਵਨ ਦੀ ਕਿਤਾਬ ਵਿੱਚ ਲਿਖਿਆ ਗਿਆ ਹੈ। (ਪਰਕਾਸ਼ ਦੀ ਪੋਥੀ 21:27)
   - ਤੁਸੀਂ ਨਵਾਂ ਜਨਮ ਪਾ ਲਿਆ ਹੈ (ਯੂਹੰਨਾ 3:3)

b) ਉਹਨਾਂ ਨੂੰ ਸਧਾਰਣ ਪ੍ਰਾਰਥਨਾਵਾਂ ਕਰਨਾ ਸਿਖਾਓ ਜਿਵੇਂ ਆਪਣੇ ਸਵਰਗੀ ਪਿਤਾ ਨਾਲ ਗੱਲ ਕਰਨਾ।
c) ਪ੍ਰਭੂ ਦੀ ਪ੍ਰਾਰਥਨਾ ਇੱਕ ਚੰਗਾ ਨਮੂਨਾ ਹੈ (ਮੱਤੀ 6:9-13)
d) ਉਹਨਾਂ ਨੂੰ ਬਾਈਬਲ ਪੜ੍ਹਨਾ ਅਤੇ ਅਧਿਐਨ ਕਰਨਾ ਸਿਖਾਓ।
e) ਉਨ੍ਹਾਂ ਨੂੰ ਗਵਾਹੀ ਦੇਣਾ ਸਿਖਾਓ।

ਯਿਸੂ ਨੇ ਉਹਨਾਂ ਦੇ ਜੀਵਨ ਵਿੱਚ ਕੀ ਕੀਤਾ ਹੈ ਉਹਨਾਂ ਨੂੰ ਉਹਨਾਂ ਦੇ ਦੋਸਤ ਦੇ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਨਾਲ ਤੁਰੰਤ ਸਾਂਝਾ ਕਰਨਾ ਸਿਖਾਓ।

f) ਉਨ੍ਹਾਂ ਨੂੰ ਵਿਸ਼ਵਾਸੀਆਂ ਦੇ ਭਾਈਚਾਰੇ ਜਾਂ ਸਥਾਨਕ ਕਲੀਸੀਯਾ ਦਾ ਹਿੱਸਾ ਬਣਨ ਲਈ ਉਤਸ਼ਾਹਤ ਕਰੋ। ਜੇਕਰ ਕੋਈ ਕਲੀਸੀਯਾ ਨਹੀਂ ਹਨ, ਤਾਂ ਉਹਨਾਂ ਨੂੰ ਉਹਨਾਂ ਦੇ ਘਰ ਵਿੱਚ ਇੱਕ ਨਵੀਂ ਕਲੀਸੀਯਾ ਸ਼ੁਰੂ ਕਰਨ ਲਈ ਉਤਸ਼ਾਹਿਤ ਕਰੋ ਅਤੇ ਸਿਖਲਾਈ ਦਿਓ।

## 19.ਯਿਸੂ ਦੇ ਸੱਤ ਹੁਕਮ ਕਿਹੜੇ ਹਨ?

**(ਥੋੜ੍ਹੇ ਸਮੇਂ ਦਾ ਚੇਲਾਪਨ)**

ਹੁਕਮਾਂ ਨੂੰ ਡੂੰਘਾਈ ਨਾਲ ਸਿਖਾਉਣ ਦੇ ਨਾਲ-ਨਾਲ ਪੂਰਕ ਦੇ ਰੂਪ ਵਿੱਚ ਬਾਈਬਲ ਦੀ ਕਹਾਣੀ ਵੀ ਸਿਖਾਓ।

a) ਤੋਬਾ ਕਰੋ ਅਤੇ ਇੰਜੀਲ ਤੇ ਵਿਸ਼ਵਾਸ ਕਰੋ (ਮਰਕੁਸ 1:15)
   - ਉਜਾੜੂ ਪੁੱਤਰ (ਲੂਕਾ 15:11-32)

b) ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਲਓ ਅਤੇ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕਰੋ (ਮਰਕੁਸ 16:16)
   - ਫ਼ਿਲਿੱਪੁਸ ਅਤੇ ਇਥੋਪੀਆਈ ਖੋਜਾ (ਰਸੂਲਾਂ ਦੇ ਕਰਤੱਬ 8:26-40)

c) ਪਰਮੇਸ਼ੁਰ ਨੂੰ ਪਿਆਰ ਕਰੋ ਅਤੇ ਆਪਣੇ ਗੁਆਂਢੀਆਂ ਨੂੰ ਪਿਆਰ ਕਰੋ (ਮੱਤੀ 22:37-39)
   - ਚੰਗੇ ਸਾਮਰੀ ਦੀ ਕਹਾਣੀ (ਲੂਕਾ 10:25-37)

d) ਪ੍ਰਾਰਥਨਾ ਕਰੋ ਅਤੇ ਨਿਯਮਿਤ ਤੌਰ 'ਤੇ ਪਰਮੇਸ਼ੁਰ ਦੇ ਬਚਨ ਦਾ ਅਧਿਐਨ ਕਰੋ। (ਯੂਹੰਨਾ 15:7)
   - ਇੱਕ ਨਿਰੰਤਰ ਦੋਸਤ ਦੀ ਕਹਾਣੀ (ਲੂਕਾ 11:5 - 8)

e) ਪ੍ਰਭੂ ਦੀ ਮੇਜ਼ ਵਿੱਚ ਹਿੱਸਾ ਲਓ ਅਤੇ ਇੱਕ ਪਵਿੱਤਰ ਜੀਵਨ ਜੀਓ ਅਤੇ ਵਿਸ਼ਵਾਸੀਆਂ ਦੇ ਸਮੂਹ ਦਾ ਹਿੱਸਾ ਬਣੋ। (ਲੂਕਾ 22:19)
   - ਪ੍ਰਭੂ ਦੇ ਮੇਜ਼ ਦੀ ਕਹਾਣੀ (ਲੂਕਾ 22:14-23)

f) ਦਸਵੰਧ ਅਤੇ ਭੇਟਾ ਦਿਓ (ਰਸੂਲਾਂ ਦੇ ਕਰਤੱਬ 20:35)
   - ਵਿਧਵਾ ਦੇ ਸਿੱਕੇ ਦੀ ਕਹਾਣੀ (ਲੂਕਾ 21:1-4)

g) ਜਾਓ ਅਤੇ ਚੇਲੇ ਬਣਾਓ। (ਮੱਤੀ 28:19)
   - ਅੰਦ੍ਰਿਯਾਸ ਅਤੇ ਦੋਸਤਾਂ ਦੀ ਕਹਾਣੀ (ਯੂਹੰਨਾ 1:43-50)

## 20.ਲੰਬੇ ਸਮੇਂ ਲਈ ਚੇਲਾਪਣ ਕੀ ਹੈ?

ਪੁਰਾਣੇ ਨੇਮ ਅਤੇ ਨਵੇਂ ਨੇਮ ਦੋਵਾਂ ਨੂੰ ਪਰਮੇਸ਼ੁਰ ਦੇ ਬਚਨ ਦੀ ਸਿੱਖਿਆ ਦੇ ਕੇ ਮਸੀਹ ਵਿੱਚ ਇੱਕ ਵਿਸ਼ਵਾਸੀ ਨੂੰ ਮਜ਼ਬੂਤ ਅਤੇ ਪਰਿਪੱਕ ਬਣਾਉਣਾ

**a) ਰਸੂਲਾਂ ਦੀਆਂ ਸਿੱਖਿਆਵਾਂ ਤੋਂ ਸ਼ੁਰੂ ਕਰੋ (ਰਸੂਲਾਂ ਦੇ ਕਰਤੱਬ 2:42-47)**
   - ਰਸੂਲਾਂ ਦਾ ਸਿਧਾਂਤ
   - ਸੰਗਤੀ
   - ਰੋਟੀ ਤੋੜਨਾ

- ਪ੍ਰਾਰਥਨਾ, ਉਸਤਤ ਅਤੇ ਅਰਾਧਨਾ
- ਚਿੰਨ੍ਹ ਅਤੇ ਚਮਤਕਾਰ
- ਇੱਕ ਦੂਜੇ ਨਾਲ ਸਾਂਝਾ ਕਰਨਾ

**b) ਰਸੂਲਾਂ ਦੀਆਂ ਸਿੱਖਿਆਵਾਂ (5 ਉਂਗਲਾਂ ਦੇ ਸਿਧਾਂਤ)**




***ਨਿੱਜੀ ਜੀਵਨ:***

*ਪਵਿੱਤਰਤਾ, ਈਮਾਨਦਾਰੀ, ਖਰਿਆਈ,*

***ਪਰਿਵਾਰਕ ਜੀਵਨ:***

*ਪਤੀ, ਪਤਨੀ, ਬੱਚਿਆਂ ਅਤੇ ਮਾਪਿਆਂ ਨਾਲ ਰਿਸ਼ਤਾ*

***ਕਲੀਸਿਯਾ ਜੀਵਨ:***

*ਇੱਕ ਪਰਿਵਾਰ ਵਜੋਂ ਕਲੀਸਿਯਾ ਅਤੇ ਕਲੀਸਿਯਾ ਦੇ ਅੰਦਰ ਰਿਸ਼ਤਾ*

***ਸਮਾਜਿਕ ਜੀਵਨ:***

*ਆਪਣੇ ਸ਼ਾਸਕਾਂ ਦਾ ਕਹਿਣਾ ਮੰਨੋ, ਉਨ੍ਹਾਂ ਲਈ ਪ੍ਰਾਰਥਨਾ ਕਰੋ ਅਤੇ ਉਨ੍ਹਾਂ ਨੂੰ ਅਸੀਸ ਦਿਓ।*

***ਸਦੀਪਕ ਜੀਵਨ:***

*ਯਿਸੂ ਦਾ ਫੇਰ ਆਉਣਾ ਅਤੇ ਮੌਤ ਤੋਂ ਬਾਅਦ ਜੀਵਨ।*

**c) ਬਾਈਬਲ ਦੀਆਂ ਕਹਾਣੀਆਂ ਦੁਆਰਾ ਚੇਲਾਪਣ**

**i. ਇਹ ਕੀ ਕਹਿੰਦਾ ਹੈ?**

ਕਹਾਣੀ ਨੂੰ ਬਿਰਤਾਂਤ ਦੇ ਤੌਰ 'ਤੇ ਸਹੀ ਢੰਗ ਨਾਲ ਸਿਖਾਓ, ਉਦੋਂ ਤੱਕ ਦੁਹਰਾਓ ਜਦੋਂ ਤੱਕ ਹਰ ਕੋਈ ਦੂਜਿਆਂ ਨੂੰ ਦੱਸਣਾ ਨਹੀਂ ਸਿੱਖਦਾ। ਲੋੜ ਅਨੁਸਾਰ ਐਕਸ਼ਨ, ਗੀਤ, ਡਰਾਮੇ ਦੀ ਵਰਤੋਂ ਕਰੋ।

**ii. ਇਸਦਾ ਮਤਲਬ ਕੀ ਹੈ?**

ਅਰਥ ਨੂੰ ਸਮਝੋ।

**iii. ਮੈਨੂੰ ਕਿਸ ਚੀਜ ਦੀ ਪਾਲਣਾ ਕਰਨੀ ਚਾਹੀਦੀ ਹੈ?**

ਆਗਿਆਕਾਰੀ ਅਤੇ ਦੂਜਿਆਂ ਨਾਲ ਸਾਂਝਾ ਕਰਨ ਨੂੰ ਉਤਸ਼ਾਹਿਤ ਕਰੋ।

**iv. ਬਾਈਬਲ ਦੀਆਂ ਕਹਾਣੀਆਂ ਨੂੰ ਸਮਝਣ ਦੀ ਤਲਵਾਰ ਵਿਧੀ।**

- ਇਹ ਪਰਮੇਸ਼ੁਰ ਬਾਰੇ ਕੀ ਕਹਿੰਦਾ ਹੈ?
- ਇਹ ਮਨੁੱਖਾਂ ਬਾਰੇ ਕੀ ਕਹਿੰਦਾ ਹੈ?
- ਕੀ ਪਾਲਣਾ ਕਰਨ ਲਈ ਕੋਈ ਹੁਕਮ ਹੈ?
- ਕੀ ਕਿਸੇ ਪਾਪ ਤੋਂ ਬਚਣਾ ਹੈ?
- ਕੀ ਕੋਈ ਵਾਅਦਾ ਨਿਭਾਉਣਾ ਹੈ?
- ਕੀ ਪਾਲਣਾ ਕਰਨ ਲਈ ਕੋਈ ਉਦਾਹਰਣ ਹੈ?

- ਮੈਂ ਕਹਾਣੀ ਤੋਂ ਹੋਰ ਕੀ ਸਿੱਖ ਸਕਦਾ ਹਾਂ?
- ਮੈਂ ਕਹਾਣੀ ਹੋਰ ਕਿਸ ਨਾਲ ਸਾਂਝੀ ਕਰ ਸਕਦਾ/ਸਕਦੀ ਹਾਂ?

**d) ਚਰਚਾ ਅਤੇ ਡਿਸਕਵਰੀ ਬਾਈਬਲ ਸਟੱਡੀਜ਼ (DBS) ਦੀ ਵਰਤੋਂ ਕਰਦੇ ਹੋਏ ਬਾਈਬਲ ਦੀਆਂ ਕਹਾਣੀਆਂ/ਬਾਈਬਲ ਦੇ ਹਿੱਸੇ ਸਿਖਾਉਣਾ।**

ਬਾਈਬਲ ਅਧਿਐਨ ਸਮੂਹਾਂ ਵਾਸਤੇ ਇੱਕ ਨਮੂਨਾ ਵਿਚਾਰ-ਵਟਾਂਦਰਾ

**i. ਪਿੱਛੇ ਦੇਖੋ:**

**ਨਿੱਜੀ ਰੂਪ ਵਿੱਚ ਸਾਂਝਾ ਕਰਨਾ**

- ਤੁਸੀਂ ਕਿਸ ਚੀਜ਼ ਲਈ ਸ਼ੁਕਰਗੁਜ਼ਾਰ ਹੋ?
- ਤੁਹਾਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ?
- ਇੱਕ ਦੂਜੇ ਦੀ ਲੋੜ ਲਈ ਪ੍ਰਾਰਥਨਾ ਕਰੋ ਅਤੇ ਇੱਕ ਦੂਜੇ ਦੀ ਮਦਦ ਕਰੋ।

**ਪਿਛਲੇ ਹਫ਼ਤੇ ਦਾ [8]ਸਬਕ ਸਾਂਝਾ ਕਰਨਾ**

- ਪਿਛਲੇ ਹਫਤੇ ਤੁਸੀਂ ਕੀ ਸਿੱਖਿਆ?
- ਤੁਸੀਂ ਪਿਛਲੇ ਹਫ਼ਤੇ ਪਾਠ ਦੇ ਆਧਾਰ 'ਤੇ ਕਿਸ ਗੱਲ ਦੀ ਪਾਲਣਾ ਕੀਤੀ?
- ਜੋ ਤੁਸੀਂ ਸਿੱਖਿਆ ਹੈ ਉਹ ਤੁਸੀਂ ਕਿਸ ਨੂੰ ਸਿਖਾਇਆ?

**ii. ਉੱਪਰ ਦੇਖੋ:**

- ਅੱਜ ਦਾ ਪਾਠ ਜਾਂ ਕਹਾਣੀ ਪੜ੍ਹੋ
- ਚਰਚਾ ਕਰੋ ਕਿ ਇਹ ਹਵਾਲਾ ਪਰਮੇਸ਼ੁਰ, ਯਿਸੂ ਜਾਂ ਉਸਦੀ ਯੋਜਨਾ ਬਾਰੇ ਕੀ ਕਹਿੰਦਾ ਹੈ।
- ਸ਼ੁਰੂਆਤ ਕਰਨ ਵਾਲਿਆਂ ਲਈ ਤਲਵਾਰ ਵਿਧੀ ਦੀ ਵਰਤੋਂ ਕਰੋ।

**iii. ਅੱਗੇ ਦੇਖੋ:**

- ਅੱਜ ਦੇ ਸਬਕ ਦੇ ਆਧਾਰ 'ਤੇ ਤੁਸੀਂ ਕਿਹੜੇ ਹੁਕਮ ਦੀ ਪਾਲਣਾ ਕਰੋਗੇ?
- ਤੁਸੀਂ ਕਿਸ ਨੂੰ ਸਿਖਾਓਗੇ?

**e) ਪਰਮੇਸ਼ੁਰ ਦਾ ਸਾਰਾ [9]ਉਦੇਸ਼ ਸਿਖਾਓ। ਦੁੱਧ ਤੋਂ ਮਾਸ ਦੀ ਰਣਨੀਤੀ (ਇਬਰਾਨੀਆਂ 5:11-14)**

- ਰੋਜ਼ਾਨਾ ਬਾਈਬਲ ਅਧਿਐਨ ਅਤੇ ਪ੍ਰਾਰਥਨਾ ਕਰਨ ਦੀ ਆਦਤ ਪਾਓ।
- ਪਰਮੇਸ਼ੁਰ ਦੀ ਆਵਾਜ਼ ਸੁਣੋ।
- ਪਰਮੇਸ਼ੁਰ ਦੀ ਅਵਾਜ਼ ਨੂੰ ਮੰਨੋ।
- ਜੋ ਕੁਝ ਤੁਸੀਂ ਸਿੱਖਿਆ ਹੈ ਉਸ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਆਦਤ ਪਾਓ।

## 21.ਕਲੀਸਿਯਾਵਾਂ ਦੀ ਸਥਾਪਨਾ

**a) ਕਲੀਸਿਯਾ ਕੀ ਹੈ?**

ਇੱਕ ਕਲੀਸਿਯਾ ਵਿਸ਼ਵਾਸੀਆਂ ਦਾ ਇੱਕ ਇਕੱਠ ਹੈ ਜੋ ਪ੍ਰਾਰਥਨਾ ਅਰਾਧਨਾ, ਸੁਧਾਰ, ਖੁਸ਼ਖਬਰੀ ਸਾਂਝੀ ਕਰਨ ਅਤੇ ਭਾਈਚਾਰੇ ਦੇ ਲੋਕਾਂ ਦੀ ਸੇਵਾ ਕਰਨ ਲਈ ਨਿਯਮਤ ਤੌਰ 'ਤੇ ਇਕੱਠੇ ਹੁੰਦੇ ਹਨ।

**b) ਕਲੀਸਿਯਾ ਵਿੱਚ ਕਿਹੜੀਆਂ ਜ਼ਰੂਰੀ ਗੱਲਾਂ ਹੋਣੀਆਂ ਚਾਹੀਦੀਆਂ ਹਨ?**

[8] ਸਿੱਖਿਆ

[9] ਸਲਾਹ

- ਪ੍ਰਾਰਥਨਾ ਅਤੇ ਸੰਗਤ
- ਗੀਤਾਂ ਅਤੇ ਸ਼ਬਦਾਂ ਨਾਲ ਯਹੋਵਾਹ ਦੀ ਅਰਾਧਨਾ ਕਰੋ।
- ਬਾਈਬਲ ਪੜ੍ਹਨਾ, ਬਾਈਬਲ ਸਿਖਾਉਣਾ।
- ਗਵਾਹੀਆਂ ਨੂੰ ਸਾਂਝਾ ਕਰਨਾ ਅਤੇ ਪ੍ਰਭੂ ਨੂੰ ਦੇਣਾ
- ਇੱਕ ਦੂਜੇ ਲਈ ਪ੍ਰਾਰਥਨਾ ਕਰਨਾ
- ਖੁਸ਼ਖਬਰੀ ਸਾਂਝੀ ਕਰੋ ਅਤੇ ਲੋੜਵੰਦ ਲੋਕਾਂ ਦੀ ਸੇਵਾ ਕਰੋ।

c) **ਕਲੀਸਿਯਾ ਵਿੱਚ ਆਗੂ ਕੌਣ ਹਨ?**

- ਰਸੂਲ, ਨਬੀ, ਅਧਿਆਪਕ, ਪਾਸਟਰ, ਪ੍ਰਚਾਰਕ (ਅਫ਼ਸੀਆਂ 4:11-13)
- ਡੀਕਨ, ਬਜ਼ੁਰਗ (ਤੀਤੁਸ 1:5, 1 ਤਿਮੋਥਿਉਸ 3:8)

d) **ਮੈਂ ਇੱਕ ਨਵੀਂ ਕਲੀਸਿਯਾ ਕਿਵੇਂ ਸ਼ੁਰੂ ਕਰ ਸਕਦਾ ਹਾਂ?**

- ਨਿਯਮਿਤ ਤੌਰ 'ਤੇ ਮਿਲਣ ਲਈ ਜਗ੍ਹਾ ਅਤੇ ਸਮਾਂ ਨਿਰਧਾਰਤ ਕਰੋ।
- ਸਧਾਰਣ ਕਲੀਸਿਯਾ ਸ਼ੁਰੂ ਕਰੋ, "ਕਿਉਂਕਿ ਜਿੱਥੇ ਦੋ ਯਾ ਤਿੰਨ ਮੇਰੇ ਨਾਮ ਉੱਤੇ ਇੱਕਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ।" (ਮੱਤੀ 18:20)
- ਇਸ ਨੂੰ ਇੱਕ ਭਾਗੀਦਾਰੀ ਵਾਲਾ ਇਕੱਠ ਬਣਾਓ (1 ਕੁਰਿੰਥੀਆਂ 14:26)
- ਦੋਸਤਾਂ, ਰਿਸ਼ਤੇਦਾਰਾਂ, ਸਹਿਯੋਗੀਆਂ ਅਤੇ ਗੁਆਂਢੀਆਂ ਨੂੰ ਸੱਦਾ ਦਿਓ।
- ਕਲੀਸਿਯਾ ਦੇ ਹਰ ਮੈਂਬਰ ਨੂੰ ਯਿਸੂ ਦੀਆਂ ਸਿੱਖਿਆਵਾਂ ਅਤੇ ਆਦੇਸ਼ ਦੀ ਪਾਲਣਾ ਕਰਨ ਲਈ ਚੇਲਾ ਬਣਾਓ।
- ਹਰ ਵਿਸ਼ਵਾਸੀ ਨੂੰ ਇੱਕ ਆਗਿਆਕਾਰੀ ਚੇਲਾ ਅਤੇ ਚੇਲਾ ਬਣਾਉਣ ਵਾਲਾ ਬਣਨ ਲਈ ਤਿਆਰ ਕਰੋ।
- ਜਦੋਂ ਵਿਸ਼ਵਾਸੀ ਪਰਿਪੱਕ ਚੇਲੇ ਬਣ ਜਾਂਦੇ ਹਨ ਤਾਂ ਨਵੀਆਂ ਸਭਾਵਾਂ ਸ਼ੁਰੂ ਕਰੋ।

e) **ਮੈਂ ਕਲੀਸਿਯਾ ਦਾ ਕਿਹੜਾ [10]ਮਾਡਲ ਸ਼ੁਰੂ ਕਰ ਸਕਦਾ ਹਾਂ?**

- ਖਰਗੋਸ਼ਾਂ ਵਾਂਗ ਸਧਾਰਨ ਗੁਣਾ, ਪ੍ਰਜਨਨ, ਅਤੇ ਚੇਲੇ ਬਣਾਉਣ ਵਾਲੀ ਕਲੀਸਿਯਾ [11]ਸਥਾਪਿਤ ਕਰੋ।
- ਹਰ ਕਲੀਸਿਯਾ ਨੂੰ [12]ਦੁਬਾਰਾ ਪੈਦਾ ਕਰਨਾ ਚਾਹੀਦਾ ਹੈ।
- ਹਰ ਪਰਿਪੱਕ ਚੇਲੇ ਨੂੰ ਨਵੀਂ ਕਲੀਸਿਯਾ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

## 22. ਆਗੂਆਂ ਨੂੰ ਤਿਆਰ ਕਰਨਾ:

a) **ਮੈਂ ਕਲੀਸਿਯਾ ਨੂੰ ਸਿਖਲਾਈ ਕੇਂਦਰ ਕਿਵੇਂ ਬਣਾ ਸਕਦਾ ਹਾਂ?**

- ਇੱਕ ਨਿਯਮਤ ਸਿਖਲਾਈ ਪ੍ਰੋਗਰਾਮ ਵਿੱਚ ਦਾਖਲ ਹੋਣ ਲਈ ਪਰਿਪੱਕ ਵਿਸ਼ਵਾਸੀਆਂ ਦੀ ਪਛਾਣ ਕਰੋ।

---

[10] ਨਮੂਨਾ

[11] ਬਣਾਓ

[12] ਮੁੜ ਉਤਪਾਦਨ

- ਹਰ ਨਵੇਂ ਨਿਯਮ ਦੀ ਕਲੀਸਿਯਾ ਨੂੰ ਸਿਖਲਾਈ ਕੇਂਦਰ ਹੋਣਾ ਚਾਹੀਦਾ ਹੈ, ਜੋ ਸੰਤਾਂ ਨੂੰ ਸੇਵਕਾਈ ਦੇ ਕੰਮ ਲਈ ਤਿਆਰ ਕਰਦਾ ਹੋਵੇ।
- ਇੱਕ ਸੰਗਠਿਤ ਪਾਠਕ੍ਰਮ-ਅਧਾਰਤ ਸਿਖਲਾਈ ਪ੍ਰੋਗਰਾਮ ਰੱਖੋ।
- ਹਫ਼ਤੇ ਵਿੱਚ ਇੱਕ ਜਾਂ ਦੋ ਵਾਰ ਜਾਂ ਮਹੀਨੇ ਵਿੱਚ ਇੱਕ ਵਾਰ ਸ਼ੁਰੂ ਕਰੋ (ਲੋਕਾਂ ਦੀ ਉਪਲਬਧਤਾ ਅਤੇ ਸਥਾਨਕ ਸਹੂਲਤ ਦੇ ਅਧਾਰ ਤੇ ਲਚਕਦਾਰ ਬਣੋ।)
- ਆਗਿਆਕਾਰੀ-ਅਧਾਰਿਤ ਸਿੱਖਿਆ 'ਤੇ ਜ਼ੋਰ ਦਿਓ।
- ਆਗਿਆਕਾਰੀ ਚੇਲਿਆਂ ਅਤੇ ਆਗੂਆਂ ਨਾਲ ਜਾਰੀ ਰੱਖੋ।
- ਹਰੇਕ ਸਿਖਿਆਰਥੀ ਨੂੰ ਦੂਜਿਆਂ ਦਾ ਕਹਿਣਾ ਮੰਨਣ ਅਤੇ ਸਿਖਲਾਈ ਦੇਣ ਲਈ ਉਤਸ਼ਾਹਿਤ ਕਰੋ।
- ਹਰ ਵਾਰ ਜਦੋਂ ਤੁਸੀਂ ਇਕੱਠੇ ਹੁੰਦੇ ਹੋ ਤਾਂ ਜਵਾਬਦੇਹੀ ਸਵਾਲ ਪੁੱਛੋ।

## 23.ਕਲੀਸਿਯਾ ਸਥਾਪਨਾ/ਲਗਾਉਣਾ ਲਹਿਰ (CHURCH PLANTING MOVEMENT) ਕੀ ਹੈ?

**ਕਲੀਸਿਯਾ ਸਥਾਪਨਾ/ਲਗਾਉਣਾ ਲਹਿਰ (CPM)** ਸਵਦੇਸ਼ੀ ਕਲੀਸਿਯਾਵਾਂ ਦਾ ਇੱਕ ਤੇਜ਼ ਅਤੇ ਘਾਤਕ ਵਾਧਾ ਹੈ, ਇੱਕ ਦਿੱਤੇ ਲੋਕ ਸਮੂਹ ਜਾਂ ਆਬਾਦੀ ਵਾਲੇ ਹਿੱਸੇ ਵਿੱਚ ਕਲੀਸਿਯਾਵਾਂ ਨੂੰ ਲਗਾਉਣਾ। ਇਹ ਦੂਸਰਿਆਂ ਨੂੰ ਆਗਿਆਕਾਰੀ ਚੇਲੇ ਬਣਨ ਦੀ ਸਿਖਲਾਈ ਦੇਣ ਦੇ ਸਿਧਾਂਤ 'ਤੇ ਅਧਾਰਤ ਹੈ ਜੋ ਦੂਜਿਆਂ ਨੂੰ ਕਲੀਸਿਯਾ ਲਗਾਉਣ ਲਈ ਸਿਖਲਾਈ ਦੇਣ ਲਈ ਸਿਖਲਾਈ ਦਿੰਦੇ ਹਨ। ਦੂਸਰਿਆਂ ਨੂੰ ਕਲੀਸਿਯਾ ਲਗਾਉਣ ਲਈ ਸਿਖਲਾਈ ਦੇਣ ਲਈ ਦੂਜਿਆਂ ਨੂੰ ਸਿਖਲਾਈ ਦੇਣ 'ਤੇ ਜ਼ੋਰ ਦਿੱਤਾ ਗਿਆ ਹੈ ਨਾ ਕਿ ਤੁਸੀਂ ਇੱਕ ਕਲੀਸਿਯਾ ਨੂੰ ਬਣਾਓ। **ਕਲੀਸਿਯਾਵਾਂ ਦੀਆਂ ਘੱਟੋ-ਘੱਟ 4 ਪੀੜ੍ਹੀਆਂ ਨੂੰ ਉਤਸ਼ਾਹਿਤ ਕਰੋ।**

## 24.ਚੇਲੇ ਬਣਾਉਣ ਦਾ ਅੰਦੋਲਨ/ਲਹਿਰ (DISCIPLE MAKING MOVEMENT) ਕੀ ਹੈ?

**ਡੀ.ਐਮ.ਐਮ. ਅੰਦੋਲਨ/ਲਹਿਰ ਚੇਲਾ ਬਣਾਉਣ ਦੀਆਂ ਲਹਿਰਾਂ (DMM)** ਚੇਲੇ ਬਣਾਉਣ ਵਾਲੇ ਚੇਲਿਆਂ ਵਿੱਚ ਤੇਜ਼ੀ ਨਾਲ ਅਤੇ ਘਾਤਕ ਵਾਧਾ ਹੋ ਰਿਹਾ ਹੈ। ਧਿਆਨ ਹਰ ਵਿਸ਼ਵਾਸੀ 'ਤੇ ਹੈ ਕਿ ਉਹ ਇੱਕ ਆਗਿਆਕਾਰੀ ਅਤੇ ਦੁਬਾਰਾ ਪੈਦਾ ਕਰਨ ਵਾਲਾ ਚੇਲਾ ਬਣੇ। ਉਹ ਪਰਮੇਸ਼ੁਰ ਦੀ ਅਵਾਜ਼ ਸੁਣਨਗੇ ਅਤੇ ਜੋ ਕੁਝ ਉਹ ਸਿੱਖਦੇ ਹਨ, ਉਸ ਦੀ ਪਾਲਣਾ ਕਰਨ ਅਤੇ ਦੂਜਿਆਂ ਨੂੰ ਸਿਖਾਉਣ ਲਈ ਵਚਨਬੱਧ ਹੋਣਗੇ। ਹਰ ਚੇਲਾ ਚੇਲਾ ਨਿਰਮਾਤਾ ਬਣ ਜਾਂਦਾ ਹੈ ਅਤੇ ਕਲੀਸਿਯਾਵਾਂ ਦੀ ਸਥਾਪਨਾ ਕਰਦਾ ਹੈ ਜੋ ਕਈ ਗੁਣਾ ਵਧਣਗੇ। ਚੇਲਿਆਂ ਦੀ ਘੱਟੋ-ਘੱਟ 4 ਪੀੜ੍ਹੀਆਂ ਨੂੰ ਉਤਸ਼ਾਹਿਤ ਕਰੋ।

**DMM ਚੇਲਿਆਂ ਨੂੰ ਅੱਗੋਂ ਚੇਲੇ ਬਣਾਉਣ 'ਤੇ ਜ਼ੋਰ ਦਿੰਦਾ ਹੈ, CPM ਕਲੀਸਿਯਾਵਾਂ ਨੂੰ ਲਗਾਉਣ ਵਾਲੀਆਂ ਕਲੀਸਿਯਾਵਾਂ 'ਤੇ ਜ਼ੋਰ ਦਿੰਦਾ ਹੈ।**

## 25.ਚੇਲੇ ਬਣਾਉਣਾ ਕੀ ਹੈ?

"ਚੇਲੇ ਬਣਾਉਣਾ - ਇੱਕ ਜਾਣਬੁੱਝ ਕੇ, ਸੰਬੰਧਤ, ਮਸੀਹ-ਮੁਖੀ ਗਤੀਵਿਧੀ, ਹਰ ਵਿਸ਼ਵਾਸੀ ਦੁਆਰਾ ਅਭਿਆਸ ਕੀਤਾ ਜਾਂਦਾ ਹੈ, ਦੂਜਿਆਂ ਨੂੰ ਯਿਸੂ ਨੂੰ ਜਾਣਨ, ਵਧਣ ਅਤੇ ਵਫ਼ਾਦਾਰੀ ਨਾਲ ਯਿਸੂ ਦੀ ਪਾਲਣਾ

ਕਰਨ ਲਈ ਉਤਸ਼ਾਹਿਤ ਕਰਨ ਅਤੇ ਸਿਖਾਉਣ ਲਈ ਹਰ ਮੌਕੇ ਦੀ ਵਰਤੋਂ ਕਰਨ ਲਈ। ਚੇਲਾ ਬਣਾਉਣਾ ਹਰ ਵਿਸ਼ਵਾਸੀ ਦੁਆਰਾ, ਹਰ ਮੌਕੇ ਦੁਆਰਾ ਕੀਤਾ ਜਾਣਾ ਹੈ।

### 26.ਆਗਿਆਕਾਰੀ-ਅਧਾਰਿਤ ਚੇਲਾਪਣ ਕੀ ਹੈ?

ਆਗਿਆਕਾਰੀ-ਅਧਾਰਤ ਚੇਲਾਪਣ ਯਿਸੂ ਦੇ ਹਰ ਹੁਕਮ ਅਤੇ ਸਿੱਖਿਆਵਾਂ ਦੀ ਸ਼ੁਰੂਆਤੀ ਪਾਲਣਾ ਕਰਨ 'ਤੇ ਜ਼ੋਰ ਦਿੰਦੀ ਹੈ। **ਇੱਕ ਵਿਸ਼ਵਾਸੀ ਦੀ ਪਰਿਪੱਕਤਾ ਦਾ ਪੱਧਰ ਉਸਦੇ ਗਿਆਨ ਦੇ ਪੱਧਰ ਦੇ ਅਧਾਰ ਤੇ ਨਹੀਂ ਬਲਕਿ ਆਗਿਆਕਾਰਤਾ ਦੇ ਪੱਧਰ ਦੇ ਅਧਾਰ ਤੇ ਨਿਰਧਾਰਤ ਕੀਤਾ ਜਾਂਦਾ ਹੈ।** ਯਿਸੂ ਨੇ ਸਿਖਾਇਆ: "ਜਾਓ ਅਤੇ ਚੇਲੇ ਬਣਾਓ, ਬਪਤਿਸਮਾ ਦਿਓ ਅਤੇ ਉਨ੍ਹਾਂ ਨੂੰ ਹਰ ਉਸ ਚੀਜ਼ ਦੀ ਪਾਲਣਾ ਕਰਨਾ ਸਿਖਾਓ ਜੋ ਮੈਂ ਤੁਹਾਨੂੰ ਹੁਕਮ ਦਿੱਤਾ ਹੈ"। ਇਸ ਲਈ, ਹਰ ਵਿਸ਼ਵਾਸੀ ਨੂੰ ਇੱਕ ਚੇਲਾ ਅਤੇ ਇੱਕ ਚੇਲੇ ਬਣਾਉਣ ਵਾਲਾ ਹੋਣਾ ਚਾਹੀਦਾ ਹੈ।

### 27.ਜਦੋਂ ਮਹਾਨ ਆਦੇਸ਼ ਦਾ ਕੰਮ ਪੂਰਾ ਹੋ ਜਾਵੇਗਾ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ?

- ਪਰਕਾਸ਼ ਦੀ ਪੋਥੀ 7:9 ਦੇ ਅਨੁਸਾਰ, " ਹਰੇਕ ਕੌਮ ਵਿੱਚੋਂ ਅਤੇ ਸਭਨਾਂ ਗੋਤਾਂ, ਉੱਮਤਾਂ ਅਤੇ ਭਾਖਿਆ ਵਿੱਚੋਂ ਇੱਕ ਵੱਡੀ ਭੀੜ ਜਿਹ ਦੀ ਗਿਣਤੀ ਕਿਸੇ ਕੋਲੋਂ ਨਹੀਂ ਹੁੰਦੀ ਚਿੱਟੇ ਬਸਤਰ ਪਹਿਨੇ ਅਤੇ ਖਜੂਰ ਦੀਆਂ ਟਹਿਣੀਆਂ ਹੱਥਾਂ ਵਿੱਚ ਲਈ ਸਿੰਘਾਸਣ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਖੜੀ ਹੋਵੇਗੀ ਅਤੇ ਪਰਮੇਸ਼ੁਰ ਦੀ ਅਰਾਧਨਾ ਕਰੇਗੀ।"

- ਦਾਨੀਏਲ 7:14 ਆਖਦਾ ਹੈ, "ਹਰ ਭਾਸ਼ਾ ਦੇ ਲੋਕ ਉਸ ਦੀ ਉਪਾਸਨਾ ਕਰਦੇ ਸਨ। "

- ਮੱਤੀ 24:14 ਕਹਿੰਦਾ ਹੈ, "ਅਤੇ ਰਾਜ ਦੀ ਇਸ ਖ਼ੁਸ਼ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ।"

### 28.ਮਹਾਨ ਆਦੇਸ਼ ਨੂੰ ਪੂਰਾ ਕਰਨ ਬਾਰੇ ਸਧਾਰਣ ਪਰਿਭਾਸ਼ਾਵਾਂ:

a) ਕੋਈ ਵਿਅਕਤੀ ਨਹੀਂ ਬਚਿਆ, ਕੋਈ ਸਥਾਨ ਨਹੀਂ ਬਚਿਆ, ਕੋਈ ਭਾਸ਼ਾ ਨਹੀਂ ਬਚੀ, ਕੋਈ ਲੋਕ ਸਮੂਹ ਨਹੀਂ ਛੱਡਿਆ ਗਿਆ
b) ਲੋਕ ਸਮੂਹ, ਭਾਸ਼ਾ ਸਮੂਹ, ਸ਼ਹਿਰੀ ਖੇਤਰ ਅਤੇ ਭੂਗੋਲਿਕ ਇਕਾਈਆਂ (PLUG ਪਹੁੰਚ (PEOPLE, LANGUAGE, URBAN AREAS, GEOGRAPHICAL VILLAGES ਪਹੁੰਚ)
c) ਇੱਕ ਵਿਸ਼ਵਾਸੀ, ਸਰੀਰ, ਬਾਈਬਲ ਅਤੇ [13]ਬ੍ਰੇਕ ਥਰੂ ਪ੍ਰਾਰਥਨਾ (4 B ਪਹੁੰਚ/ਦ੍ਰਿਸ਼ਟੀਕੋਣ)

## ਮਹਾਨ ਅੰਤ/ਸਮਾਪਤੀ

### 29.ਕੀ ਮਹਾਨ ਆਦੇਸ਼ ਦਾ ਕੰਮ ਪੂਰਾ ਕੀਤਾ ਜਾ ਸਕਦਾ ਹੈ?

**ਜਿਵੇਂ ਕਿ ਡੀ. ਐਲ. ਮੂਡੀ ਨੇ ਕਿਹਾ ਸੀ,** *"ਇਹ ਕੀਤਾ ਜਾ ਸਕਦਾ ਹੈ, ਇਹ ਕੀਤਾ ਜਾਣਾ ਚਾਹੀਦਾ ਹੈ, ਇਹ ਜਰੂਰ ਹੀ ਕੀਤਾ ਜਾਣਾ ਚਾਹੀਦਾ ਹੈ।"*

---

[13] ਕ੍ਰਾਂਤੀ/ਵੱਡਾ ਬਦਲਾਅ ਲਿਆਉਣ ਵਾਲੀ ਪ੍ਰਾਰਥਨਾ

**ਵਧੇਰੇ ਵਿਸਥਾਰ ਅਧਿਐਨ ਕਰਨ ਲਈ, ਆਪਣੇ ਆਪ ਨੂੰ learnnn.com 'ਤੇ ਔਨਲਾਈਨ ਸਕੂਲ ਆਫ਼ ਗ੍ਰੇਟ ਕਮਿਸ਼ਨ ਟ੍ਰੇਨਿੰਗ ਪ੍ਰੋਗਰਾਮ ਵਿੱਚ ਦਾਖਲ ਕਰੋ।**

https://schoolofgreatcommissionglobal.learnnn.com/the-school-of-great-commission

# ਮਹਾਨ ਆਦੇਸ਼ ਹੈਂਡਬੁੱਕ ਬਾਰੇ

ਇਹ ਮਹਾਨ ਆਦੇਸ਼ ਹੈਂਡਬੁੱਕ ਯਿਸੂ ਮਸੀਹ ਦੀ ਆਖਰੀ ਆਗਿਆ ਨੂੰ ਸਮਝਣ ਲਈ ਇੱਕ ਸਧਾਰਣ ਮਾਰਗਦਰਸ਼ਕ ਹੈ।
ਇਸ ਦੀ ਵਰਤੋਂ ਕਲੀਸਿਯਾ ਵਿੱਚ ਹਰ ਵਿਸ਼ਵਾਸੀ ਨੂੰ ਸਿਖਾਉਣ ਲਈ ਕੀਤੀ ਜਾ ਸਕਦੀ ਹੈ ਤਾਂ ਜੋ ਉਹ ਮਹਾਨ ਆਦੇਸ਼ ਵਿੱਚ ਭਾਗ ਲੈ ਸਕਣ ਅਤੇ ਮਸੀਹੀ ਪਰਿਪੱਕਤਾ ਵਿੱਚ ਵੀ ਵਧ ਸਕਣ।

ਇਸ ਹੈਂਡਬੁੱਕ ਦਾ ਉਦੇਸ਼ ਮਹਾਨ ਆਦੇਸ਼ ਦੀ ਇੱਕ ਆਮ ਸੰਖੇਪ ਜਾਣਕਾਰੀ ਦੇਣਾ ਹੈ ਅਤੇ ਨਾ ਕਿ ਵਿਚਾਰੇ ਗਏ ਹਰੇਕ ਨੁਕਤੇ ਦਾ ਵਿਸਥਾਰ ਪੂਰਵਕ ਵੇਰਵਾ ਦੇਣਾ। ਸਾਰੇ ਸਿਖਿਆਰਥੀਆਂ ਨੂੰ ਬਾਈਬਲ ਦੇ ਹਵਾਲੇ ਪੜ੍ਹਨ ਅਤੇ ਦਿਲੋਂ ਸਿੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਨ੍ਹਾਂ ਹਵਾਲਿਆਂ ਨੂੰ ਬਾਈਬਲ ਦੀਆਂ ਕੁਝ ਬੁਨਿਆਦੀ ਆਇਤਾਂ ਮੰਨਿਆ ਜਾਂਦਾ ਹੈ ਤਾਂ ਜੋ ਹਰ ਵਿਸ਼ਵਾਸੀ ਨੂੰ ਪਤਾ ਲੱਗ ਸਕੇ।

ਸਿੱਖਿਆ ਦੇਣ ਵਾਲੇ ਇਸ ਕਿਤਾਬ ਨੂੰ ਆਪਣੀ ਕਲੀਸਿਯਾ ਜਾਂ ਭਾਈਚਾਰੇ ਦੇ ਮੈਂਬਰਾਂ ਜਾਂ ਉਨ੍ਹਾਂ ਦੇ ਚੇਲਿਆਂ ਦੇ ਸਮੂਹਾਂ ਨੂੰ ਇੱਕ ਭਾਗੀਦਾਰੀ ਪਹੁੰਚ ਦੀ ਵਰਤੋਂ ਕਰਕੇ ਸਿਖਾਉਣ ਲਈ ਇੱਕ ਸਧਾਰਣ ਮਾਰਗਦਰਸ਼ਕ ਵਜੋਂ ਵਰਤ ਸਕਦੇ ਹਨ। ਇਸ ਸਿਖਲਾਈ ਦਾ ਪੂਰਾ ਮਕਸਦ ਆਗਿਆਕਾਰੀ ਚੇਲੇ ਬਣਾਉਣਾ ਹੈ, ਜੋ ਯਿਸੂ ਦਾ ਹਰੇਕ ਹੁਕਮ ਮੰਨਣਗੇ ਅਤੇ ਦੂਜਿਆਂ ਨੂੰ ਸਿਖਲਾਈ ਦੇਣ ਲਈ ਵਚਨਬੱਧ ਰਹਿਣਗੇ।

**"ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ ਅਤੇ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।**

**ਮੱਤੀ 28:19-20**